# ਫਲੂ ਤੇ ਨਵਾਂ ਕਰੋਨਾਵਾਇਰਸ(ਕੋਵਿਡ-19)
# ਗੁਰਦੇ ਦੇ ਮਰੀਜ਼ਾਂ ਵਾਸਤੇ ਜ਼ਰੂਰੀ ਜਾਣਕਾਰੀ
# *ਪੀ ਡੀ ਤੇ ਹੋਮ ਡਾਇਲਿਸਸ*

**ਮਾਰਚ 12,2020**

ਫਲੂ ਤੇ ਕਰੋਨਾਵਾਇਰਸ ਸੀਜ਼ਨ ਸਮੇਂ ਹਰ ਕਿਸੇ ਨੂੰ ਸੁਰਖਿਅਤ ਰੱਖਣ ਤੇ ਵਧੀਆ ਸਾਂਭ ਸੰਭਾਲ ਦੇਣ ਵਿਚ ਮਦਦ ਕਰਨ ਲਈ ਅਸੀਂ ਗੁਰਦੇ ਦੀ ਬੀਮਾਰੀ ਤੋਂ ਪੀੜਤ ਸਾਰੇ ਮਰੀਜ਼ਾਂ ਨੂੰ ਇਹ ਪੱਤਰ ਦੇ ਰਹੇ ਹਾਂ ਜੋ ਇਹਨਾਂ ਥਾਵਾਂ ਤੇ ਜਾਂਦੇ ਹਨ:

- ਪੀ ਡੀ ਕਲਿਨਿਕ
- ਘਰੇਲੂ ਡਾਇਲਿਸਸ ਕਲਿਨਿਕ

ਅਸੀਂ ਤੁਹਾਨੂੰ ਭਰੋਸਾ ਦਿਵਾਉਂਦੇ ਹਾਂ ਕਿ ਤੁਹਾਡਾ ਸਾਂਭ ਸੰਭਾਲ ਦਾ ਕੰਮ ਜਾਰੀ ਰਹੇਗਾ।ਅਸੀਂ ਮਦਦ ਤੇ ਸਹਾਇਤਾ ਕਰਨ ਲਈ ਹਾਜ਼ਰ ਹਾਂ। ਕਿਰਪਾ ਕਰਕੇ ਇਸ ਨੂੰ ਧਿਆਨ ਨਾਲ ਪੜੋ । ਅਤੇ ਇਹ ਵੀ ਯਕੀਨੀ ਬਣਾਓ ਕਿ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਕਲਿਨਿਕ ਕੋਲ ਹੈ।

ਆਉਣ ਵਾਲੇ ਹਫਤਿਆਂ ਵਿਚ , ਤੁਹਾਡੀ ਕਲਿਨਿਕ ਵਲ ਫੇਰੀ ਨਿੱਜੀ ਤੋਂ ਬਦਲ ਕੇ ਮਸਨੂਈ ਹੋ ਸਕਦੀ ਹੈ- ਮਿਸਾਲ ਵਜੋਂ ਇਹ ਫੋਨ ਤੇ ਗਲਬਾਤ ਰਾਹੀਂ ਹੋ ਸਕਦੀ ਹੈ। ਇਸ ਨਾਲ ਇਹ ਯਕੀਨੀ ਹੋਵੇਗਾ ਕਿ ਤੁਸੀਂ ਭੀੜ ਵਾਲੇ ਇੰਤਜ਼ਾਰ ਕਮਰੇ ਤੇ ਹੋਰ ਲੋਕ ਜੋ ਬੀਮਾਰ ਹੋ ਸਕਦੇ ਹਨ, ਦੇ ਸੰਪਰਕ ਵਿਚ ਨਾ ਆਵੋ।

ਤੁਹਾਡਾ ਗੁਰਦੇ ਦਾ ਡਾਕਟਰ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਨਿਜੀ ਤੌਰ ਤੇ ਦੇਖਣ ਦੀ ਲੋੜ ਹੈ।

## ਕਲਿਨਿਕ ਤੇ ਆਉਣ ਤੋਂ ਪਹਿਲਾਂ ਕੀ ਕਰਨਾ ਹੈ

**ਜੇ ਤੁਹਾਡੀ ਨਿੱਜੀ ਫੇਰੀ ਦਾ ਸਮਾਂ ਮਿਥਿਆ ਹੈ ਤਾਂ** ਜੇ ਤੁਹਾਨੂੰ ਇਹਨਾਂ ਵਿਚੋਂ ਕੋਈ ਲੱਛਣ ਹੈ ਤਾਂ ਕਲਿਨਿਕ ਨੂੰ ਫੋਨ ਕਰੋ।(ਯੂਨਿਟ ਫੋਨ #:______________________)

- ਬੁਖਾਰ
- ਖਾਂਸੀ ( ਨਵੀਂ ਸ਼ੁਰੂ ਹੋਈ ਜਾਂ ਪੁਰਾਣੀ ਵਧ ਗਈ ਹੋਵੇ)
- ਸਾਹ ਲੈਣ ਵਿਚ ਮੁਸ਼ਕਿਲ / ਸਾਹ ਚੜ ਜਾਣਾ

ਜੇ ਇਹ ਲੱਛਣ ਹਨ ਤਾਂ ਹੋ ਸਕਦਾ ਹੈ:

- ਨਰਸ ਫੋਨ ਤੇ ਤੁਹਾਡੇ ਤੋਂ ਹੋਰ ਸਵਾਲ ਪੁੱਛੇ ਤੇ ਹਦਾਇਤਾਂ ਦੇਵੇ ਕਿ ਹੁਣ ਅਗੇ ਕੀ ਕਰਨਾ ਹੈ।
- ਤੁਹਾਨੀ ਫੇਰੀ ਅੱਗੇ ਪਾਉਣ ਬਾਰੇ ਕਿਹਾ ਜਾਵੇ ਜਾਂ ਮਸਨੂਈ ਫੇਰੀ ਦਾ ਬਦਲ ਦਿਤਾ ਜਾਵੇ।

### ਕਲਿਨਿਕ ਤੇ ਪਹੁੰਚ ਕੇ ਕੀ ਕਰਨਾ ਹੈ
ਕਲਿਨਿਕ ਵਚ ਦਾਖਲ ਹੋਣ ਤੋਂ ਪਹਿਲਾਂ ਹਮੇਸ਼ਾ ਅਪਣੇ ਹੱਥ ਧੋਵੋ।ਮਰੀਜ਼ਾਂ ਦੇ ਇੰਤਜ਼ਾਰ ਕਰਨ ਵਾਲੀ ਜਗਾਹ ਓਪਰ ਹੈਂਡ ਸੈਨੀਟਾਈਜ਼ਰ ਹੁੰਦਾ ਹੈ।ਜੇ ਤੁਹਾਡੇ ਵਿਚ ਫਲੂ ਜਾਂ ਕੋਵਿਡ-19 ਦੇ ਲੱਛਣ ਹਨ ਤਾਂ ਕਲਿਨਿਕ ਦਾ ਸਟਾਫ ਤੁਹਾਨੂੰ ਅਗਲੇ ਕਦਮ ਬਾਰੇ ਦੱਸੇਗਾ।

## ਸਫਰ ਬਾਰੇ ਹਦਾਇਤਾਂ

BCRenal
Provincial Health Services Authority

ਤੁਹਾਨੂੰ ਜ਼ੋਰ ਨਾਲ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਕੋਈ ਗੈਰਜ਼ਰੂਰੀ ਸਫਰ ਸਤੰਬਰ ਤਕ ਰੱਦ ਜਾਂ ਮੁਲਤਵੀ ਕਰ ਦਿਓ।ਮਰੀਜ਼ ਜਿਹੜੇ ਬੀ ਸੀ ਤੋਂ ਬਾਹਰ ਸਫਰ ਕਰ ਕੇ ਆਏ ਹਨ ਤੇ ਉਹਨਾਂ ਦੀ ਸਾਡੇ ਕਿਸੇ ਇਕ ਕਲਿਨਿਕ ਵਿਚ ਫੇਰੀ ਨਿਯਤ ਹੈ ਤਾਂ ਸਲਾਹ ਦਿਤੀ ਜਾਂਦੀ ਹੈ ਕਿ ਆਉਣ ਤੋਂ ਪਹਿਲਾਂ ਕਲਿਨਿਕ ਨੂੰ ਫੋਨ ਕਰੋ।

## ਕਰੋਨਾਵਾਇਰਸ (ਕੋਵਿਡ–19) ਬੀਮਾਰੀ ਬਾਰੇ ਹੋਰ ਜਾਣਕਾਰੀ ਲਈ

- ਹੈਲਥਲਿੰਕ ਬੀ ਸੀ ਦੀ ਨਰਸ ਨਾਲ ਗਲ ਕਰਨ ਲਈ 8–1–1 ਤੇ ਫੋਨ ਕਰੋ
- ਬੀ ਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਦੀ ਵੈਬਸਾਈਟ http://www.bccdc.ca/health-info/diseases-conditions/coronavirus-(novel) ( ਦੇਖੋ ਟੈਬ ਵਟ ਇਫ ਆਈ ਹੈਵ ੲ ਕਰੋਨਿਕ ਕੰਡੀਸ਼ਨ?)

## ਅਣਹੋਣੀ ਹਾਲਤ ਜਦੋਂ ਗੁਰਦੇ ਦੀ ਸੰਭਾਲ ਨਹੀਂ ਹੋ ਸਕਦੀ, ਉਦੋਂ ਧਿਆਨ ਰੱਖਣਯੋਗ ਗਲਾਂ

ਇਹ ਹਮੇਸ਼ਾ ਵਧੀਆ ਗਲ ਹੈ ਕਿ ਜਦੋਂ ਆਰਜ਼ੀ ਤੌਰ ਤੇ , ਜਿਵੇਂ ਭੁਚਾਲ ਜਾਂ ਹੋਰ ਕੁਦਰਤੀ ਆਫਤ ਸਮੇਂ ਇਲਾਜ ਨਹੀਂ ਹੋ ਸਕਦਾ ਤਾਂ ਕੀ ਕਰਨਾ ਹੈ, ਇਸ ਬਾਰੇ ਜਾਣਕਾਰੀ ਹੋਵੇ ।

ਬੀ ਸੀ ਰੀਨਲ ਦੀ ਵੈਬਸਾਈਟ ਤੇ ਗੁਰਦੇ ਦੇ ਮਰੀਜ਼ਾਂ ਵਾਸਤੇ ਫਾਇਦੇਮੰਦ ਜਾਣਕਾਰੀ ਹੈ ।ਇਸ ਵਿਚ ਐਮਰਜੈਂਸੀ ਖੁਰਾਕ ਅਤੇ ਦਵਾਈਆਂ ਬਾਰੇ ਜਾਣਕਾਰੀ ਹੈ

Go to www.bcrenalagency.ca → Health info → Emergency Preparedness